# ਅਗਾਮੀ ਤਿਉਹਾਰੀ ਮੌਸਮ 'ਚ ਕਰਿਆਨਾ ਅਤੇ ਛੋਟੇ-ਵਿਚਕਾਰਲੇ-ਮੱਧਮ ਉਦਯੋਗਾਂ ਨੂੰ ਸਹਿਯੋਗ ਦੇਣ ਲਈ ਫਲਿੱਪਕਾਰਟ ਹੋਲਸੇਲ 12 ਨਵੇਂ ਸ਼ਹਿਰਾਂ 'ਚ ਕਦਮ ਰੱਖੇਗੀ

- **12 ਨਵੇਂ ਸ਼ਹਿਰਾਂ 'ਚ ਫੈਸ਼ਨ ਸ਼੍ਰੇਣੀ ਦੇ ਨਾਲ ਨੈਟਵਰਕ ਵਿਸਥਾਰ ਕੀਤਾ ਜਾਵੇਗਾ; ਹਜ਼ਾਰਾਂ ਕਰਿਆਨਾ ਅਤੇ MSME ਨੂੰ ਡਿਜੀਟਲ ਕਾਮਰਸ ਤੱਕ ਪਹੁੰਚ ਮਿਲੇਗੀ।**

**ਬੰਗਲੌਰ, 22 ਸਤੰਬਰ, 2020:** ਭਾਰਤ 'ਚ ਵਿਕਸਿਤ ਫਲਿੱਪਕਾਰਟ ਗਰੁੱਪ ਦੇ ਡਿਜੀਟਲ ਬੀ2ਬੀ ਮਾਰਕੀਟਪਲੇਸ ਫਲਿੱਪਕਾਰਟ ਹੋਲਸੇਲ ਨੇ 12 ਨਵੇਂ ਸ਼ਹਿਰਾਂ 'ਚ ਆਪਣੇ ਪਰਿਚਾਲਨ ਵਿਸਥਾਰ ਦੀ ਘੋਸ਼ਣਾ ਕੀਤੀ ਹੈ। ਫਲਿੱਪਕਾਰਟ ਹੋਲਸੇਲ ਰਿਟੇਲ ਈਕੋਸਿਸਟਮ ਦੇ ਲਈ ਵਨ-ਸਟਾਪ ਡਿਜੀਟਲ ਮਾਰਕੀਟਪਲੇਸ ਸਾਲਿਊਸ਼ਨ ਹੈ ਜਿਹੜਾ ਛੋਟੇ ਕਾਰੋਬਾਰਾਂ ਨੂੰ ਚੁਣਨ ਦੇ ਲਈ ਉਤਪਾਦਾਂ ਦਾ ਵਿਸਤਸਿਤ ਸੰਗ੍ਰਹਿ ਪੇਸ਼ ਕਰਦਾ ਹੈ ਅਤੇ ਉਹ ਵੀ ਬਹੁਤ ਖਾਸ ਕੀਮਤ 'ਤੇ। ਫਲਿੱਪਕਾਰਟ ਹੋਲਸੇਲ ਫੈਸ਼ਨ ਸ਼੍ਰੇਣੀ ਦੇ ਨਾਲ ਇਨ੍ਹਾਂ ਸ਼ਹਿਰਾਂ 'ਚ ਵਿਸਥਾਰ ਸ਼ੁਰੂ ਕਰੇਗਾ ਅਤੇ ਡਿਜੀਟਲ ਤਕਨੀਕ ਦੀ ਵਰਤੋਂ ਕਰਦੇ ਹੋਏ ਕਰਿਆਨਾ ਅਤੇ ਛੋਟੇ-ਵਿਚਕਾਰਲੇ-ਮੱਧਮ ਉਦਯੋਗਾਂ (MSME) ਨੂੰ ਤੇਜੀ ਨਾਲ ਵਧਣ, ਗ੍ਰਾਹਕਾਂ ਨੂੰ ਜੋੜੀ ਰੱਖਣ ਅਤੇ ਲਾਭ ਸੁਧਾਰਣ 'ਚ ਮਦਦ ਕਰੇਗਾ।

ਅਗਾਮੀ ਤਿਉਹਾਰੀ ਮੌਸਮ ਤੋਂ ਪਹਿਲਾਂ ਫਲਿੱਪਕਾਰਟ ਹੋਲਸੇਲ ਗਾਜੀਆਬਾਦ, ਫਰੀਦਾਬਾਦ, ਮੈਸੂਰ, ਚੰਡੀਗੜ੍ਹ ਟ੍ਰਾਈਸਿਟੀ, ਮੇਰਠ, ਆਗਰਾ, ਜੈਪੁਰ, ਠਾਣੇ-ਭਿਵੰਡੀ-ਉਲਹਾਸਨਗਰ, ਗ੍ਰੇਟਰ ਮੁੰਬਈ, ਵਸਈ-ਵਿਰਾਰ-ਮਿਰਾ-ਭਾਈਂਦਰ, ਠਾਣੇ (ਕਲਿਆਣਾ-ਡਾਂਬੀਵਲੀ) ਅਤੇ ਠਾਣੇ (ਨਵੀਂ ਮੁੰਬਈ) 'ਚ ਪਰਿਚਾਲਨ ਸ਼ੁਰੂ ਕਰ ਦੇਵੇਗਾ।

**ਫਲਿੱਪਕਾਰਟ ਹੋਲਸੇਲ ਦੇ ਸੀਨੀਅਰ ਵਾਈਸ ਪ੍ਰੈਜੀਡੈਂਟ ਅਤੇ ਹੈਡ ਆਦਰਸ਼ ਮੇਨਨ** ਨੇ ਕਿਹਾ, 'ਤਿਉਹਾਰੀ ਮੌਸਮ ਦੇ ਆਉਣ ਤੋਂ ਪਹਿਲਾਂ 12 ਸ਼ਹਿਰਾਂ 'ਚ ਆਪਣੀ ਮੌਜੂਦਗੀ ਕਾਇਮ ਕਰਦੇ ਹੋਏ ਅਸੀਂ ਬਹੁਤ ਉਤਸਾਹਿਤ ਹਾਂ। ਸਾਡਾ ਟੀਚਾ MSMEs ਅਤੇ ਕਰਿਆਨਾ ਦੇ ਲਈ ਜ਼ਿਆਦਾ ਮੌਕੇ ਪੈਦਾ ਕਰਨ ਦਾ ਹੈ। ਟਰੈਂਡੀ ਜੈਪੁਰੀ ਕੁੜਤੀਆਂ ਤੋਂ ਲੈ ਕੇ ਸਦਾਬਹਾਰ ਮੈਸੂਰ ਸਿਲਕ ਸਾੜੀਆਂ ਤੱਕ ਸਾਡਾ ਟੀਚਾ ਛੋਟੇ ਕਾਰੋਬਾਰਾਂ ਦੀ ਮਦਦ ਕਰਨਾ ਹੈ ਕਿ ਉਹ ਡਿਜੀਟਲ ਬਦਲਾਅ ਨੂੰ ਅਪਣਾਉਣ ਅਤੇ ਜ਼ਿਆਦਾ ਮਜ਼ਬੂਤ ਵਪਾਰ ਦੇ ਤੌਰ 'ਤੇ ਉਭਰਣ। ਫਲਿੱਪਕਾਰਟ ਹੋਲਸੇਲ ਲਾਂਚ ਹੋਣ ਤੋਂ ਬਾਅਦ ਅਸੀਂ ਬਹੁਤ ਸਾਰੇ ਮੋਹਰੀ ਬ੍ਰਾਂਡਾਂ ਦੇ ਨਾਲ ਹੱਥ ਮਿਲਾਇਆ ਹੈ ਅਤੇ ਡਿਜੀਟਲ ਤਕਨੀਕ ਨਾਲ MSMEs ਅਤੇ ਕਰਿਆਨਾ ਦੇ ਲਈ ਕਾਰੋਬਾਰ ਕਰਨਾ ਅਸਾਨ ਬਣਾਇਆ ਹੈ। ਫਲਿੱਪਕਾਰਟ ਈਕੋਸਿਸਟਮ ਨਾਲ ਹਾਸਲ ਬੀ2ਬੀ ਅਤੇ ਬੀ2ਸੀ ਜਾਣਕਾਰੀ ਦੇ ਅਧਾਰ 'ਤ ਸਾਨੂੰ ਉਨ੍ਹਾਂ ਗ੍ਰਾਹਕਾਂ ਦੀ ਬਿਹਤਰ ਸਮਝ ਦਿੰਦੇ ਹਨ ਅਤੇ ਉਨ੍ਹਾਂ ਦੇ ਇਲਾਕੇ ਦੀ ਖਾਸ ਮੰਗ ਦੇ ਬਾਰੇ 'ਚ ਦੱਸਦੇ ਹਨ ਤਾਂ ਕਿ ਉਹ ਉਸੇ ਦੇ ਅਨੁਸਾਰ ਉਤਪਾਦ ਖਰੀਦਣ ਅਤੇ ਅੱਗੇ ਵੇਚਣ। ਸਾਨੂੰ ਇਹ ਦੇਖ ਕੇ ਖੁਸ਼ੀ ਹੋ ਰਹੀ ਹੈ ਕਿ ਸਾਡੀ ਪਹਿਲ ਕਦਮੀ ਨਾਲ MSMEs ਅਤੇ ਕਰਿਆਨਾ ਦੀ ਕਾਮਯਾਬੀ ਵਧੀ ਹੈ ਅਤੇ ਭਾਰਤ 'ਚ ਆਜੀਵਿਕਾ ਦੇ ਲੱਖਾਂ ਨਵੇਂ ਮੌਕੇ ਬਣੇ ਹਨ।'

ਇਸ ਸਾਲ ਦੇ ਅੰਤ ਤੱਕ ਫਲਿੱਪਕਾਰਟ ਹੋਲਸੇਲ ਦੀ ਯੋਜਨਾਂ ਹੋਮ ਐਂਡ ਕਿਚਨ ਅਤੇ ਗ੍ਰੋਸਰੀ ਦੀਆਂ ਸ਼੍ਰੇਣੀਆਂ 'ਚ ਵਿਸਥਾਰ ਕਰਨ ਦੀ ਵੀ ਹੈ।

ਫਲਿੱਪਕਾਰਟ ਹੋਲਸੇਲ ਨੂੰ ਗ੍ਰਾਹਕਾਂ ਲਈ ਮੋਹਰੀ ਬੈਂਕਾਂ NBFCs ਅਤੇ ਤੋਂ ਲੋਨ ਸੁਵਿਧਾਵਾਂ ਵੀ ਉਪਲਬਧ ਰਹਿਣਗੀਆਂ ਉਹ ਆਪਣੇ ਨਗਦੀ ਪ੍ਰਵਾਹ ਦਾ ਪ੍ਰਬੰਧਨ ਕਰ ਸਕਣ। ਇਸ ਤੋਂ ਇਲਾਵਾ ਗ੍ਰਾਹਕਾਂ ਨੂੰ ਫਲਿੱਪਕਾਰਟ ਦੇ ਆਸ਼ਵਾਸਨ ਦੇ ਨਾਲ ਬਿਹਤਰੀਨ ਉਤਪਾਦ ਮਿਲਣਗੇ, ਸਰਲ ਅਤੇ ਸੁਵਿਧਾਜਨਕ ਆਰਡਰ

ਰਿਟਰਨ ਅਤੇ ਤੇਜ ਪ੍ਰੋਡਕਟ ਡਿਲੀਵਰੀ ਵੀ ਹੋਵੇਗੀ, ਅਸਾਨ ਆਰਡਰ ਟਰੈਕਿੰਗ ਸੁਵਿਧਾ ਦੇ ਨਾਲ ਉਤਪਾਦ ਸਿੱਧਾ ਉਨ੍ਹਾਂ ਦੀ ਦੁਕਾਨ ਤੱਕ ਪਹੁੰਚਣਗੇ।

ਕਰਿਆਨਾ ਅਤੇ MSMEs ਨੂੰ ਫਲਿੱਪਕਾਰਟ ਹੋਲਸੇਲ ਟੀਮ ਦੇ ਡੂੰਗੇ ਮਰਚੈਂਡਾਈਜਿੰਗ ਅਨੁਭਵ ਦਾ ਲਾਭ ਮਿਲੇਗਾ। ਬ੍ਰਾਂਡਾਂ ਦੇ ਨਾਲ ਆਪਣੇ ਮਜ਼ਬੂਤ ਸਬੰਧਾਂ ਦੇ ਦਮ ’ਤੇ ਕੰਪਨੀ ਨੇ ਇੱਕ ਅਜਿਹਾ ਮਾਡਲ ਤਿਆਰ ਕੀਤਾ ਹੈ ਜਿਸ ’ਚ ਕਰਿਆਨਾ ਅਤੇ MSMEs ਦੀਆਂ ਜ਼ਰੂਰਤਾਂ ਨੂੰ ਪਹਿਲ ਦਿੱਤੀ ਜਾਂਦੀ ਹੈ।

ਭਾਰਤ ਇੱਕ ਵਧਦਾ ਬਜ਼ਾਰ ਹੈ, ਅਜਿਹੇ ’ਚ 12 ਸ਼ਹਿਰਾਂ ’ਚ ਵਿਸਥਾਰ ਕਰਨਾ ਰਾਸ਼ਟਰੀ ਡਿਜੀਟਲ ਬਦਲਾਅ ਦੀ ਦਿਸ਼ਾ ’ਚ ਵੱਡਾ ਕਦਮ ਹੈ ਜਿਸ ਨਾਲ ਕਰਿਆਨਾ ਅਤੇ MSMEs ਦੇ ਲਈ ਕਾਰੋਬਾਰ ਅਸਾਨ ਹੋ ਜਾਵੇਗਾ ਕਿ ਭਾਰਤੀ ਰਿਟੇਲ ਈਕੋਸਿਸਟਮ ਦਾ ਅਭਿੰਨ ਅੰਗ ਹੈ। ਕਰਿਆਨਾ ਅਤੇ MSMEs ਨੂੰ ਕੰਜਿਊਮਰ ਈ-ਕਾਮਰਸ ਸੈਗਮੈਂਟ ’ਚ, ਫਲਿੱਪਕਾਰਟ ਦੀ ਦੇਸ਼ ’ਚ ਹੀ ਵਿਕਸਿਤ ਤਕਨੀਕੀ ਸਮਰੱਥਾਵਾਂ, ਵਿਆਪਕ ਅਗਵਾਈ ਦਾ ਲਾਭ ਮਿਲੇਗਾ ਜਿਸਨੂੰ ਭਾਰਤੀ ਉਦਯੋਗ ਦੀ ਖਾਸ ਸਮਝ ਹੈ।

ਫਲਿੱਪਕਾਰਟ ਹੋਲਸੇਲ ਦੇ ਬਾਰੇ ’ਚ ਜ਼ਿਆਦਾ ਜਾਣਕਾਰੀ ਦੇ ਲਈ ਵਿਜਿਟ ਕਰੋ:

https://flipkartwholesale.com/

ਫਲਿੱਪਕਾਰਟ ਹੋਲਸੇਲ ਐਪ ਗੂਗਲ ਪਲੇ ਸਟੋਰ ’ਤੇ ਉਪਲਬਧ ਹੈ।

**ਫਲਿੱਪਕਾਰਟ ਗਰੁੱਪ ਦੇ ਬਾਰੇ ’ਚ:**

ਫਲਿੱਪਕਾਰਟ ਗਰੁੱਪ ਭਾਰਤ ’ਚ ਮੋਹਰੀ ਡਿਜੀਟਲ ਕਾਮਰਸ ਸਮੂਹਾਂ ’ਚੋਂ ਇੱਕ ਹੈ। ਇਸ ’ਚ ਫਲਿੱਪਕਾਰਟ, ਮਿੰਤਰਾ ਅਤੇ ਫੋਨਪੇ ਸ਼ਾਮਲ ਹਨ। ਸਾਲ 2007 ’ਚ ਸ਼ੁਰੂ ਹੋਈ ਫਲਿੱਪਕਾਰਟ ਨੇ ਲੱਖਾਂ ਗ੍ਰਾਹਕਾਂ, ਵਿਕ੍ਰੇਤਾਵਾਂ, ਵਪਾਰੀਆਂ ਅਤੇ ਲਘੂ ਕਾਰੋਬਾਰਾਂ ਨੂੰ ਇਸ ਕਾਬਲ ਬਣਾਇਆ ਕਿ ਉਹ ਭਾਰਤ ਦੀ ਈਕਾਮਰਸ ਕ੍ਰਾਂਤੀ ਦਾ ਹਿੱਸਾ ਬਣ ਸਕਣ। 25 ਕਰੋੜ ਵਰਤੋਂ ਕਰਨ ਵਾਲੇ ਫਲਿੱਪਕਾਰਟ 80$ ਸ਼੍ਰੇਣੀਆਂ ’ਚ 15 ਕਰੋੜ ਉਤਪਾਦ ਪੇਸ਼ ਕਰਦਾ ਹੈ। ਭਾਰਤ ’ਚ ਈਕਾਮਰਸ ਨੂੰ ਹਰੇਕ ਤੱਕ ਪਹੁੰਚਾਉਣ, ਪਹੁੰਚ ਅਤੇ ਸੰਚਾਰ ਨੂੰ ਅੱਗੇ ਵਧਾਉਣ, ਗ੍ਰਾਹਕਾਂ ਨੂੰ ਖੁਸ਼ ਕਰਨ, ਲੱਖਾਂ ਰੁਜਗਾਰ ਪੈਦਾ ਕਰਨ, ਉਦਮੀਆਂ ਦੀਆਂ ਪੀੜ੍ਹੀਆਂ ਅਤੇ ਐਮਐਸਐਮਈ ਨੂੰ ਕਾਮਯਾਬ ਕਰਨ ਵਾਲੇ ਕਦਮਾਂ ਨਾਲ ਸਾਨੂੰ ਜਿਹੜੀ ਸਫਲਤਾ ਹਾਸਲ ਹੋਈ ਉਸ ਨਾਲ ਸਾਨੂੰ ਅਜਿਹੀਆਂ ਚੀਜਾਂ ਇਨੋਵੇਟ ਕਰਨ ’ਚ ਮਦਦ ਮਿਲੀ ਜਿਹੜੀਆਂ ਇਸ ਉਦਯੋਗ ’ਚ ਪਹਿਲੀ ਵਾਰ ਹੋਈਆਂ ਹਨ। ਸਾਡੇ ਨਵੇਂ ਡਿਜੀਟਲ ਮਾਰਕੀਟਪਲੇਸ ਫਲਿੱਪਕਾਰਟ ਹੋਲਸੇਲ ਦਾ ਹਾਲੀਆ ਲਾਂਚ ਇਸਦਾ ਪਰਿਚਾਯਕ ਹੈ ਕਿ ਅਸੀਂ ਭਾਰਤ ’ਚ ਕਰਿਆਨਾ ਅਤੇ ਐਮਐਸਐਮਈ ਦੇ ਵਾਧੇ ਨੂੰ ਤੇਜ ਕਰਨ ਦੇ ਲਈ ਵਚਨਬੱਧ ਹਾਂ। ਫਲਿੱਪਕਾਰਟ ਨੂੰ ਕੈਸ਼ ਆਨ ਡਿਲੀਵਰੀ, ਨੋ ਕਾਸਟ ਈਐਮਆਈ ਅਤੇ ਈਜੀ ਰਿਟਰਨ ਜਿਹੀਆਂ ਗ੍ਰਾਹਕ ਕੇਂਦਰਿਤ ਪਹਿਲਾਂ ਦੇ ਲਈ ਜਾਣਿਆ ਜਾਂਦਾ ਹੈ ਜਿਨ੍ਹਾਂ ਨੂੰ ਕਰੋੜਾਂ ਭਾਰਤੀਆਂ ਦੇ ਲਈ ਆਨਲਾਈਨ ਸ਼ਾਪਿੰਗ ਨੂੰ ਜ਼ਿਆਦਾ ਪਹੁੰਚ ਅਤੇ ਕਿਫਾਇਤੀ ਬਣਾ ਦਿੱਤਾ। ਮਿੰਤਰਾ ਦੀ ਆਨਲਾਈਨ ਫੈਸ਼ਨ ਮਾਰਕੀਟ ’ਚ ਮਜ਼ਬੂਤ ਸਥਿਤੀ ਹੈ, ਫੋਨਪੇ ਭਾਰਤ ਦਾ ਸਭ ਤੋਂ ਤੇਜੀ ਨਾਲ ਵਧਦਾ ਪੇਮੈਂਟ ਪਲੇਟਫਾਰਮ ਹੈ ਅਤੇ ਫਲਿੱਪਕਾਰਟ ਹੋਲਸੇਲ ਦੇ ਨਾਲ ਫਲਿੱਪਕਾਰਟ ਗਰੁੱਪ ਟੈਕਨੋਲਾਜੀ ਦੇ ਮਾਧਿਅਮ ਨਾਲ ਦੇਸ਼ ’ਚ ਕਾਰੋਬਾਰ ਦੇ ਤਰੀਕੇ ਨੂੰ ਬਦਲਣ ’ਚ ਸਭ ਤੋਂ ਅੱਗੇ ਰਹਿ ਕੇ ਇਸੇ ਤਰ੍ਹਾਂ ਹੀ ਕੰਮ ਕਰਦਾ ਰਹੇਗਾ।

**ਜ਼ਿਆਦਾ ਜਾਣਕਾਰੀ ਦੇ ਲਈ ਕ੍ਰਿਪਾ ਕਰਕੇ ਲਿਖੋ: media@flipkart.com**